The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644




20 November 2018 Daily, editornztasveer@gmail.com designnztasveer@gmail.com Ph/Fax: 09 390 4644 FREE

# ਸੱਤਾਧਾਰੀ ਤੇ ਵਿਰੋਧੀਧਿਰ ਦੇ ਆਗੂਆਂ ਵੱਲੋਂ ਨਿਊਜੀਲੈਂਡ ‘ਚ ਪੰਜਾਬੀਆ ਵੱਲੋਂ ਬਣਾਏ ਜਾ ਰਹੇ ਖੇਡ ਸਟੇਡੀਅਮ ਦੇ ਕਾਰਜਾਂ ਦੀ ਸ਼ਲਾਘਾ



ਆਕਲੈਂਡ ( ਐੱਨ ਜ਼ੈੱਡ ਤਸਵੀਰ ਬਿਊਰੋ ) ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨਿਨੀ ‘ਚ ਬਣਾਏ ਜਾ ਰਹੇ ਅੰਤਰਰਾਸ਼ਟਰੀ ਮਿਆਰ ਦੇ ਖੇਡ ਗਰਾਊਂਡ ਵੇਖ ਕੇ ਸੱਤਾਧਾਰੀ ਲੇਬਰ ਪਾਰਟੀ ਤੋਂ ਇਲਾਵਾ ਵਿਰੋਧੀ ਧਿਰ ਦੇ ਆਗੂ ਵੀ ਬੇਹੱਦ ਖ਼ੁਸ਼ ਹਨ। ਇਹੀ ਨਹੀਂ ਉਨਾਂ ਨੇ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੂੰ ਵੀ ਇਹ ਗਰਾਊਂਡ ਵਿਖਾਉਣ ਦੀ ਇੱਛਾ ਪ੍ਰਗਟਾਈ ਹੈ। ਇੱਥੇ ਸਿੰਥੈਟਿਕ ਟਰਫ ਵਾਲੇ ਹਾਕੀ ਗਰਾਊਂਡ ਤੋਂ ਹੋਰ ਖੇਡਾਂ ਵੀ ਗਰਾਊਂਡ ਬਣਾਏ ਜਾ ਰਹੇ ਹਨ। ਨਿਊਜ਼ੀਲੈਂਡ ‘ਚ ਸਿੱਖ ਸੰਸਥਾ, ਸਿੱਖ ਸੁਸਾਇਟੀ ਆਫ ਨਿਊਜ਼ੀਲੈਂਡ ਵੱਲੋਂ ਧਾਰਮਿਕ ਖੇਤਰਾਂ ਦੇ ਨਾਲ ਨਾਲ ਨੌਜਵਾਨ ਪੰਜਾਬੀ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਦੇ ਮਕਸਦ ਨਾਲ ਗਰਾਊਂਡਾਂ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਸਟੇਡੀਅਮਾਂ ਦਾ ਦੌਰਾ ਕਰਨ ਆਏ ਪਾਰਲੀਮੈਂਟ ਮੈਂਬਰ ਅਤੇ ਮਨਿਸਟਰ ਆਫ ਐਥਨਿਕ ਕਮਿਊਨਿਟੀਜ ਦੇ ਅੰਡਰ ਸੈਕਟਰੀ ਮਾਈਕਲ ਵੁੱਡ ਨੇ ਇਨ੍ਹਾਂ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਹੈ। ਇਸ ਮੌਕੇ ਲੇਬਰ ਪਾਰਟੀ ਨਾਲ ਸਬੰਧਤ ਭਾਰਤੀ ਮੂਲ ਦੀ ਪਾਰਲੀਮੈਂਬਰ ਮੈਂਬਰ (ਲਿਸਟ) ਪ੍ਰਿਅੰਕਾ ਰਾਧਾਕ੍ਰਿਸ਼ਨ ਨੇ ਵੀ ਬਹੁਤ ਤਸੱਲੀ ਤੇ ਖ਼ੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਆਉਣ ਵਾਲੇ ਸਮੇਂ ਦੌਰਾਨ ਉਹ ਆਪਣੀ ਪਾਰਟੀ ਦੀ ਆਗੂ ਅਤੇ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੂੰ ਗੁਰੂਘਰ ‘ਚ ਲਿਆ ਕੇ ਖੇਡ ਗਰਾਊਂਡ ਵਿਖਾਉਣ ਲਈ ਯਤਨ ਕਰਨਗੇ ਕਿਉਂਕਿ ਗਰਾਊਂਡਾਂ ਦੇ ਹੋਂਦ ‘ਚ ਆਉਣ ਨਾਲ ਸਾਊਥ ਆਕਲੈਂਡ ਖੇਡਾਂ ਦਾ ਵੱਡਾ ਕੇਂਦਰ ਬਣ ਜਾਵੇਗਾ। ਇਸ ਮੌਕੇ ਸੁਪਰੀਮ ਸਿੱਖ ਸੁਸਾਇਟੀ,ਤੇ ਭਾਰਤੀਆ ਸਮਾਜ ਚੈਰੀਟੇਬਲ ਟਰੱਸਟ ਦੇ ਸਾਰੇ ਮੈਂਬਰ ਮੌਜੂਦ ਸਨ। ਵਰਣਨਯੋਗ ਹੈ ਕਿ ਵਰਲਡ ਰਗਬੀ ਅਤੇ ਫੀਫਾ ਵਰਗੀਆਂ ਅੰਤਰਰਾਸ਼ਟਰੀ ਸਪੋਰਟਸ ਫੈਡਰੇਸ਼ਨਜ ਵਲੋਂ ਕਰਵਾਈ ਗਈ ਕਈ ਤਰ੍ਹਾਂ ਦੀ ਸਟੱਡੀ ਤੋਂ ਸਾਹਮਣੇ ਆਇਆ ਹੈ ਕਿ ਘਾਹ ਵਾਲੇ ਮੈਦਾਨ ਦੇ ਮੁਕਾਬਲੇ ਸਿੰਥੈਟਿਕ ਟਰਫ ਵਾਲੇ ਗਰਾਊਂਡਾਂ ਵਿੱਚ ਖੇਡ ਦੌਰਾਨ ਸੱਟ ਲੱਗਣ ਦੀ ਸੰਭਾਵਨਾ ਘੱਟ ਹੁੰਦੀ ਹੈ।

# ਆਕਲੈਂਡ ਪੁਲਿਸ ਦੇ ਅਧਿਕਾਰੀ ਵੀ ਚਲਾਉਂਦੇ ਨੇ ਓਵਰ ਸਪੀਡ ਗੱਡੀਆਂ-ਰਿਪੋਰਟ



ਆਕਲੈਂਡ (ਐੱਨ ਜੈੱਡ ਤਸਵੀਰ ਬਿਉਰੋ) ਪੁਲਿਸ ਅਧਿਕਾਰੀਆਂ ਤੇ ਵੀ ਤੇਜ ਰਫਤਾਰ ਨਾਲ ਗੱਡੀ ਚਲਾਉਣ ਤੇ ਜੁਰਮਾਨਾ ਲਗਾਇਆ ਜਾਂਦਾ ਹੈ ? ਇਸੇ ਦੇ ਚੱਲਦੇ ਰੋਡ ਸੇਫਟੀ ਮਾਹਿਰਾਂ ਵਲੋਂ ਅਜਿਹੇ ਕਈ ਪੁਲਿਸ ਅਧਿਕਾਰੀਆਂ ਦੀ ਸੂਚੀ ਜਾਰੀ ਕੀਤੀ ਗਈ ਹੈ ? ਰੋਡ ਸੇਫਟੀ ਮਾਹਿਰ ਕਲਾਈਵ ਮੈਥੀਊ ਵਿਲਸਨ ਵਲੋਂ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੁਲਿਸ ਵਲੋਂ ਬਾਕੀਆਂ ਨੂੰ ਘੱਟ ਰਫਤਾਰ ਤੇ ਗੱਡੀ ਚਲਾਉਣ ਦੀ ਤਾਂ ਸਲਾਹ ਦਿੱਤੀ ਜਾਂਦੀ ਹੈ, ਪਰ ਕਈ ਮਾਮਲਿਆਂ ਵਿੱਚ ਖੁਦ ਪੁਲਿਸ ਬਹੁਤ ਤੇਜ ਰਫਰਾਰ ਤੇ ਗੱਡੀ ਚਲਾਉਂਦੀ ਫੜੀ ਗਈ ਹੈ ਸਭ ਤੋਂ ਵੱਧ ਤੇਜ ਰਫਤਾਰ ਦਾ ਮਾਮਲਾ ਆਕਲੈਂਡ ਵਿੱਚ 2016 ਵਿੱਚ ਆਇਆ ਸੀ, ਜਦੋਂ ਇੱਕ ਪੁਲਿਸ ਅਧਿਕਾਰੀ ਸਧਾਰਨ ਰਫਤਾਰ ਤੋਂ 45 ਕਿਲੋਮੀਟਰ ਪ੍ਰਤੀ ਘੰਟਾ ਵੱਧ ਦੀ ਰਫਤਾਰ ਨਾਲ ਗੱਡੀ ਚਲਾਉਂਦੇ ਦੇਖਿਆ ਗਿਆ ਸੀ , ਜਦਕਿ 40 ਕਿਲੋਮੀਟਰ ਦੀ ਸੀਮਾ ਤੋਂ ਜਿਆਦਾ ਗੱਡੀ ਚਲਾਉਣ ਤੋਂ ਬਾਅਦ ਤੁਹਾਡਾ ਲਾਈਸੈਂਸ ਰੱਦ ਕਰ ਦਿੱਤਾ ਜਾਂਦਾ ਹੈ ਅਤੇ ਇੱਕ ਪੁਲਿਸ ਅਧਿਕਾਰੀ ਵਲੋਂ ਪੁਲਿਸ ਲਈ ਅਜਿਹੀ ਹਰਕਤ ਆਪ ਕਰਨਾ ਬਹੁਤ ਹੀ ਸ਼ਰਮਨਾਕ ਗੱਲ ਹੈ ਇਸ ਤੋਂ ਇਲਾਵਾ ਕਈ ਹੋਰ ਘਟਨਾਂਵਾਂ ਵੀ ਸਾਹਮਣੇ ਆਈਆਂ, ਜਿੰਨਾਂ ਵਿੱਚ 45 ਕਿਲੋਮੀਟਰ ਤੋਂ ਲੈ ਕੇ 24 ਕਿਲੋਮੀਟਰ ਤੱਕ ਵੱਧ ਰਫਤਾਰ ਸੀਮਾ ਤੇ ਪੁਲਿਸ ਨੂੰ ਗੱਡੀ ਭਜਾਉਂਦਿਆਂ ਫੜਿਆ ਗਿਆ ਅਤੇ ਇੰਨਾਂ ਨੂੰ ਜੁਰਮਾਨਾ ਵੀ ਹੋਇਆ

# ਨਿਊਜੀਲੈਂਡ- ਪਰੀਖਿਆ ਵਿੱਚ ਇੱਕ ਸ਼ਬਦ ਉੱਤੇ ਵਿਦਿਆਰਥੀਆਂ ਨੂੰ ਹੋਇਆ ਕੰਫਿਊਜਨ , 2600 ਲੋਕਾਂ ਨੇ ਪਾਈ ਪਟੀਸ਼ਨ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਵਿੱਚ ਹਾਈਸਕੂਲ ਦੀ ਪਰੀਖਿਆ ਵਿੱਚ ਵਿਦਿਆਰਥੀ ਟਰੀਵੀਅਲ ਸ਼ਬਦ ਉੱਤੇ ਕਨਫਿਊਜ ਹੋ ਗਏ । ਪ੍ਰਸ਼ਨ ਦਾ ਜਵਾਬ ਲਿਖਣ ਵਿੱਚ ਉਨ੍ਹਾਂਨੂੰ ਕਾਫ਼ੀ ਪਰੇਸ਼ਾਨੀ ਹੋਈ । 2600 ਲੋਕਾਂ ਨੇ ਪਟੀਸ਼ਨ ਦਰਜ ਕਰਵਾਈ ਤੇ ਕਿਹਾ ਕਿ ਉਹ ਸ਼ਬਦ ਤੋਂ ਵਾਕਫ਼ ਨਹੀਂ ਸਨ । ਲਿਹਾਜਾ ਨੰਬਰ ਨਹੀਂ ਕੱਟੇ ਜਾਣ । ਹਾਲਾਂਕਿ ਪਰੀਖਿਅਕਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਦੀ ਸ਼ਬਦਾਵਲੀ ਇਸਤੇਮਾਲ ਕੀਤੀ ਗਈ ਸੀ , ਉਹ 13 ਸਾਲ ਦੇ ਬੱਚੇ ਨੂੰ ਵੀ ਪਤਾ ਹੁੰਦੀ ਹੈ । ਦਰਅਸਲ ਵਿਦਿਆਰਥੀਆਂ ਨੂੰ ਜੂਲੀਅਸ ਸੀਜਰ ( ਰੋਮਨ ਸਮਰਾਟ ) ਦੇ ਇੱਕ ਕੋਟ ਉੱਤੇ ਨਿਬੰਧ ਲਿਖਣਾ ਸੀ । ਨਿਬੰਧ ਦਾ ਵਿਸ਼ਾ ਸੀ - ਇਸ ਵਾਰ , ਈਵੈਂਟਸ ਆਫ ਇੰਪੋਰਟੈਂਸ ਆਰ ਦ ਰਿਜਲਟ ਆਫ ਟਰੀਵੀਲਏ ਕਾਜ ( ਲੜਾਈ ਵਿੱਚ ਛੋਟੇ ਕਾਰਨਾਂ ਦੇ ਕਰਕੇ ਹੋਈਆਂ ਘਟਨਾਵਾਂ ਦਾ ਮਹੱਤਵ ) ।

**ਨਿਊਜੀਲੈਂਡ ਬੋਰਡ ਨੇ ਦਿੱਤੀ ਵਿਦਿਆਰਥੀਆਂ ਨੂੰ ਸਾਂਤਵਨਾ**

ਨਿਊਜੀਲੈਂਡ ਕਵਾਲੀਫੀਕੇਸ਼ਨ ਅਥਾਰਿਟੀ ( ਐੱਨ ਜੈੱਡ ਕਿਊ ਏ ) ਨੇ ਆਪਣੇ ਬਿਆਨ ਵਿੱਚ ਕਿਹਾ , ਜੇਕਰ ਵਿਦਿਆਰਥੀਆਂ ਨੇ ਕਿਸੇ ਵੀ ਤਰ੍ਹਾਂ ਦੇ ਨਵੇਂ ਵਿਚਾਰ ਨਿਬੰਧ ਲਿਖਿਆ ਹੈ ਤਾਂ ਇਸਨੂੰ ਉਨ੍ਹਾਂ ਦੀ ਸਮਝ ਦੀ ਤਾਕਤ ਮੰਨਿਆ ਜਾਵੇਗਾ । ਟਰੀਵੀਅਲ ਨੂੰ ਨਹੀਂ ਸਮਝ ਪਾਉਣ ਲਈ ਵਿਦਿਆਰਥੀਆਂ ਦੇ ਮਾਰਕਸ ਨਹੀਂ ਕੱਟੇ ਜਾਣਗੇ । ਮੰਗ ਵਿੱਚ ਕਿਹਾ ਗਿਆ ਸੀ ਕਿ ਟਰੀਵੀਅਲ ਸ਼ਬਦ ਵਿਦਿਆਰਥੀਆਂ ਨੂੰ ਸਮਝ ਵਿੱਚ ਹੀ ਨਹੀਂ ਆਇਆ । ਲਿਹਾਜਾ ਵਿਦਿਆਰਥੀਆਂ ਨੂੰ ਆਪਣੀ ਸਮਝ - ਬੂਝ ਦੇ ਆਧਾਰ ਉੱਤੇ ਹੀ ਨਿਬੰਧ ਲਿਖਣਾ ਪਿਆ ।

**13 ਸਾਲ ਦੇ ਵਿਦਿਆਰਥੀ ਨੇ ਕਿਹਾ - ਸਾਨੂੰ ਵੀ ਸ਼ਬਦ ਦਾ ਮਤਲੱਬ ਨਹੀਂ ਦੱਸ**

ਇੱਕ 13 ਸਾਲ ਦੇ ਬੱਚੇ ਲੋਗਾਨ ਸਟੈਂਡਨਿਕ ਨੇ ਕਿਹਾ ਕਿ ਮੇਰੀ ਕਲਾਸ ਦੇ ਅੱਧੇ ਤੋਂ ਜ਼ਿਆਦਾ ਬੱਚੇ ਟੀਰੀਵੀਅਲ ਦਾ ਮਤਲਬ ਮਹੱਤਵਪੂਰਨ ਸਮਝਦੇ ਹਨ, ਜੋ ਗਲਤ ਹੈ । ਸਾਡੀ ਉਮਰ ਦੇ ਜਿਆਦਾਤਰ ਬੱਚਿਆਂ ਨੇ ਇਸ ਸ਼ਬਦ ਨੂੰ ਨਹੀਂ ਸੁਣਿਆ ।

**ਅਨੁਭਵੀ ਸਿਖਿਅਕ ਹੀ ਪੇਪਰ ਤਿਆਰ ਕਰਦੇ ਹਨ**

ਨਿਊਜੀਲੈਂਡ ਅਥਾਰਿਟੀ ਨੇ ਕਿਹਾ ਕਿ ਅਨੁਭਵੀ ਸਿਖਿਅਕ ਹੀ ਪ੍ਰਸ਼ਨ ਪੱਤਰ ਤਿਆਰ ਕਰਦੇ ਹਨ । ਲਿਹਾਜਾ ਉਸ ਵਿੱਚ ਗੜਬੜੀਆਂ ਦੀਆਂ ਸੰਭਾਵਨਾਵਾਂ ਘੱਟ ਹੁੰਦੀਆਂ ਹਨ । ਜੇਕਰ ਵਿਦਿਆਰਥੀਆਂ ਨੂੰ ਕਿਸੇ ਸ਼ਬਦ ਵਿੱਚ ਕਨਫਿਊਜਨ ਹੁੰਦਾ ਹੈ ਤਾਂ ਅੱਗੇ ਤੋਂ ਉਨ੍ਹਾਂ ਨੂੰ ਸ਼ਬਦਕੋਸ਼ ਵੀ ਦਿੱਤਾ ਜਾਵੇਗਾ ।

# ਬ੍ਰਿਟੇਨ ਨੇ ਇਸ ਵਿਲੱਖਣ ਭਾਰਤੀ ਪੇਂਟਿੰਗ ਨੂੰ ਵੇਚਣ ‘ਤੇ ਲਗਾਈ ਰੋਕ



ਬ੍ਰਿਟੇਨ ਦੇ ਕਲਾ ਮੰਤਰੀ ਨੇ 18ਵੀਂ ਸਦੀ ਦੀ ਇਕ ਭਾਰਤੀ ਪੇਂਟਿੰਗ ਨੂੰ ਦੇਸ਼ ਤੋਂ ਬਾਹਰ ਲੈ ਜਾਣ ‘ਤੇ ਅਗਲੇ ਸਾਲ 15 ਫਰਵਰੀ ਤੱਕ ਪਾਬੰਦੀ ਲਗਾ ਦਿੱਤੀ ਹੈ। 5 ਕਰੋੜ ਰੁਪਏ ਤੋਂ ਜ਼ਿਆਦਾ ਦੀ ਕੀਮਤ ਦੀ ਇਸ ਪੇਂਟਿੰਗ ਨੂੰ ਖਰੀਦਣ ਦੇ ਸਬੰਧ ਵਿਚ ਜੇ ਕੋਈ ਗੰਭੀਰ ਦਿੱਸਦਾ ਹੈ ਤਾਂ ਇਹ ਮਿਆਦ 15 ਮਈ ਤੱਕ ਵਧਾਈ ਜਾ ਸਕਦੀ ਹੈ। ਇੱਥੇ ਦੱਸ ਦਈਏ ਕਿ ਗੁਲੇਰ ਦੇ ਨੈਨਸੁਖ (1710-1778) ਦੀ ਇਸ ਪੇਂਟਿੰਗ ਵਿਚ ਮੱਧ ਭਾਰਤ ਦੇ ਰਵਾਇਤੀ ਸੰਗੀਤ ਨੂੰ ਪ੍ਰਦਰਿਸ਼ਤ ਕੀਤਾ ਗਿਆ ਹੈ। ਇਸ ਵਿਚ ਛੱਤ ‘ਤੇ ਬੈਠੇ 7 ਪਿੰਡਾਂ ਦੇ ਵੱਖ-ਵੱਖ ਸੰਗੀਤਕਾਰ ਤੁਰਹੀ ਵਜਾਉਂਦੇ ਦਿੱਸਦੇ ਹਨ। ਨੈਨਸੁਖ ਨੂੰ ਛੋਟੀ ਪੇਂਟਿੰਗ ਦੀ ਇਕ ਪ੍ਰਮੁੱਖ ਅਤੇ ਲੋਕਪ੍ਰਿਅ ਸ਼ੈਲੀ ‘ਪਹਾਰੀ ਅੰਦੋਲਨ’ ਦੇ ਪ੍ਰਮੁੱਖ ਕਲਾਕਾਰਾਂ ਵਿਚ ਮੰਨਿਆ ਜਾਂਦਾ ਹੈ। ਬ੍ਰਿਟੇਨ ਦੇ ਕਲਾ, ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਮਾਈਕਲ ਐਲਿਸ ਨੇ ਉਮੀਦ ਜ਼ਾਹਰ ਕੀਤੀ ਹੈ ਕਿ ਇਸ ਪੇਂਟਿੰਗ ਨੂੰ ਬ੍ਰਿਟੇਨ ਦਾ ਕੋਈ ਮਿਊਜ਼ੀਅਮ ਖਰੀਦ ਲਵੇਗਾ। ਉਨ੍ਹਾਂ ਨੇ ਕਿਹਾ ਕਿ ਨੈਨਸੁਖ ਦੀ ਕਲਾ ਨੇ ਦੁਨੀਆ ਭਰ ਨੂੰ ਪ੍ਰਭਾਵਿਤ ਕੀਤਾ ਹੈ। ਜਿੱਥੇ ਤੱਕ ਇਸ ਪੇਂਟਿੰਗ ਦੀ ਗੱਲ ਹੈ ਤਾਂ ਇਹ ਉਨ੍ਹਾਂ ਦੇ ਕੰਮ ਦੀ ਸ਼ਾਨਦਾਰ ਸੁੰਦਰਤਾ ਨੂੰ ਦਰਸਾਉਂਦਾ ਹੈ। ਨੈਨਸੁਖ ਦੀਆਂ ਕੁਝ ਹੋਰ ਪੇਂਟਿੰਗ ਨੂੰ ਵਿਕਟੋਰੀਆ, ਅਲਬਰਟ ਅਤੇ ਬ੍ਰਿਟਿਸ਼ ਮਿਊਜ਼ੀਅਮ ਵਿਚ ਪ੍ਰਦਰਿਸ਼ਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਨਾ ਸਿਰਫ ਇਸ ਦੀ ਸੁੰਦਰਤਾ ਨੂੰ ਧਿਆਨ ਵਿਚ ਰੱਖਦਿਆਂ ਸਗੋਂ ਭਾਰਤੀ ਕਲਾ ਅਤੇ ਇਤਿਹਾਸ ‘ਤੇ ਵਧੀਕ ਅਧਿਐਨ ਲਈ ਇਸ ਪੇਂਟਿੰਗ ਨੂੰ ਬ੍ਰਿਟੇਨ ਵਿਚ ਰੱਖਿਆ ਜਾਣਾ ਜਰੂਰੀ ਹੈ। ਇਸ ਪੇਂਟਿੰਗ ਨੂੰ ਪਹਿਲੀ ਵਾਰੀ ਮਸ਼ਹੂਰ ਚਿੱਤਰਕਾਰ ਵਿਲਫ੍ਰੇਡ ਨਿਕੋਲਸਨ (1893-1981) ਨੇ ਖਰੀਦਿਆ ਸੀ।

# ਡੈਬਿਊ ਟੈਸਟ ‘ਚ ਪਟੇਲ ਨੇ ਨਿਊਜ਼ੀਲੈਂਡ ਨੂੰ ਦਿਵਾਈ ਜਿੱਤ



ਆਬੂਧਾਬੀ- ਡੈਬਿਊ ਕਰ ਰਹੇ ਸਪਿਨਰ ਏਜ਼ਾਜ਼ ਪਟੇਲ (59 ਦੌੜਾਂ ‘ਤੇ 4 ਵਿਕਟਾਂ) ਦੀ ਧਮਾਕੇਦਾਰ ਗੇਂਦਬਾਜ਼ੀ ਦੀ ਬਦੌਲਤ ਜਿੱਤ ਵੱਲ ਕਦਮ ਵਧਾ ਚੁੱਕੀ ਪਾਕਿਸਤਾਨ ਨੂੰ ਹੈਰਾਨ ਕਰਦਿਆਂ ਪਹਿਲੇ ਕ੍ਰਿਕਟ ਟੈਸਟ ਦੇ ਚੌਥੇ ਦਿਨ ਸੋਮਵਾਰ ਨੂੰ ਨਿਊਜ਼ੀਲੈਂਡ ਨੇ ਚਾਰ ਦੌੜਾਂ ਨਾਲ ਰੋਮਾਂਚਕ ਜਿੱਤ ਆਪਣੇ ਨਾਂ ਕਰ ਕੇ ਤਿੰਨ ਮੈਚਾਂ ਦੀ ਸੀਰੀਜ਼ ਵਿਚ 1-0 ਦੀ ਬੜ੍ਹਤ ਬਣਾ ਲਈ। ਪਾਕਿਸਤਾਨ ਨੂੰ ਦੂਜੀ ਪਾਰੀ ਵਿਚ 176 ਦੌੜਾਂ ਦਾ ਛੋਟਾ ਟੀਚਾ ਮਿਲਿਆ ਸੀ ਤੇ ਅਜ਼ਹਰ ਅਲੀ (65) ਤੇ ਅਸਾਦ ਸ਼ਫੀਕ (45) ਨੇ ਚੌਥੀ ਵਿਕਟ ਲਈ 82 ਦੌੜਾਂ ਦੀ ਸਾਂਝੇਦਾਰੀ ਨਾਲ ਆਪਣੀ ਟੀਮ ਨੂੰ ਜਿੱਤ ਦੇ ਬੇਹੱਦ ਨੇੜੇ ਪਹੁੰਚਾ ਦਿੱਤਾ ਸੀ ਪਰ ਉਸ ਨੂੰ ਡੈਬਿਊ ਟੈਸਟ ਕਰ ਰਹੇ ਨਿਊਜ਼ੀਲੈਂਡ ਦੇ ਸਪਿਨਰ ਪਟੇਲ ਦੀ ਫਿਰਕੀ ਦਾ ਅੰਦਾਜ਼ਾ ਨਹੀਂ ਲੱਗਾ, ਜਿਸ ਦੇ ਪੰਜੇ ‘ਚ ਫਸ ਕੇ ਘਰੇਲੂ ਟੀਮ 58.4 ਓਵਰਾਂ ਵਿਚ ਜਿੱਤ ਤੋਂ ਸਿਰਫ 4 ਦੌੜਾਂ ਦੂਰ 171 ਦੌੜਾਂ ‘ਤੇ ਆਲ ਆਊਟ ਹੋ ਗਈ। ਨਿਊਜ਼ੀਲੈਂਡ ਦੀ ਇਹ ਹੈਰਾਨੀਜਨਕ ਜਿੱਤ ਉਸ ਦੇ ਇਤਿਹਾਸ ਦੀ ਸਭ ਤੋਂ ਛੋਟੇ ਫਰਕ ਨਾਲ ਮਿਲੀ ਜਿੱਤ ਵੀ ਹੈ। ਪਟੇਲ ਨੇ 23.4 ਓਵਰਾਂ ਦੀ ਗੇਂਦਬਾਜ਼ੀ ਵਿਚ 2.49 ਦੀ ਇਕਾਨਮੀ ਰੇਟ ਨਾਲ ਗੇਂਦਬਾਜ਼ੀ ਕਰਦੇ ਹੋਏ 59 ਦੌੜਾਂ ‘ਤੇ ਪਾਕਿਸਤਾਨ ਦੇ ਪੰਜ ਬੱਲੇਬਾਜ਼ਾਂ ਨੂੰ ਪੈਵੇਲੀਅਨ ਭੇਜਿਆ।

# 1,227 ਸ਼ਰਧਾਲੂ ਜਾਣਗੇ ਨਨਕਾਣਾ ਸਾਹਿਬ



ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ 23 ਨਵੰਬਰ ਨੂੰ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ 21 ਨਵੰਬਰ ਨੂੰ ਰਵਾਨਾ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਇਸ ਜਥੇ ਨਾਲ ਜਾਣ ਲਈ 1630 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ੇ ਲਈ ਭੇਜੇ ਗਏ ਸਨ, ਜਿਨ੍ਹਾਂ ‘ਚੋਂ 1227 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਵੱਡੀ ਗਿਣਤੀ ‘ਚ ਵੀਜ਼ੇ ਰੱਦ ਕਰਨ ਨੂੰ ਸਿੱਖ ਭਾਵਨਾਵਾਂ ਨਾਲ ਜ਼ਿਆਦਤੀ ਕਰਾਰ ਦਿੱਤਾ ਹੈ।ਉਨ੍ਹਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 1630 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ੇ ਲਈ ਭੇਜੇ ਗਏ ਸਨ ਪਰ ਇਨ੍ਹਾਂ ‘ਚੋਂ 403 ਸ਼ਰਧਾਲੂਆਂ ਨੂੰ ਵੀਜ਼ੇ ਨਹੀਂ ਦਿੱਤੇ ਗਏ।ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ‘ਚ ਵੀਜ਼ੇ ਰੱਦ ਹੋਣ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਵੱਧ ਤੋਂ ਵੱਧ ਵੀਜ਼ੇ ਦਿੱਤੇ ਜਾਣੇ ਚਾਹੀਦੇ ਸਨ।ਜਥੇ ਦੀ ਰਵਾਨਗੀ ਬਾਰੇ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦਫਤਰ ਤੋਂ ਸ਼ਰਧਾਲੂਆਂ ਦਾ ਇਹ ਜਥਾ 21 ਨਵੰਬਰ ਨੂੰ ਰਵਾਨਾ ਕੀਤਾ ਜਾਵੇਗਾ ਜੋ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਮਨਾਉਣ ਤੇ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਨ ਮਗਰੋਂ 30 ਨਵੰਬਰ ਨੂੰ ਦੇਸ਼ ਵਾਪਸ ਪਰਤ ਆਵੇਗਾ।ਮੁੱਖ ਸਕੱਤਰ ਨੇ ਕਿਹਾ ਕਿ ਜਥੇ ਨਾਲ ਜਾਣ ਵਾਲੇ ਸ਼ਰਧਾਲੂ ਆਪਣੇ ਪਾਸਪੋਰਟ 20 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦਫਤਰ ਤੋਂ ਪ੍ਰਾਪਤ ਕਰਨ। ਡਾ. ਰੂਪ ਸਿੰਘ ਅਨੁਸਾਰ ਜਥੇ ਦੀ ਅਗਵਾਈ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਭਲਾਈਪੁਰ ਕਰ ਰਹੇ ਹਨ।

## Metrimonial

Tonk Kashatriya, Sikh, 1985, 5'6", Qualification Mechatronics Engineering from NZ, Working in Mechanical Company in NZ, Siblings well settled in Australia and New Zealand. Required decent and educated Girl, Caste No Bar. Mb no. +64 21 136 7503